# ਐਚਡੀਐਫ਼ਸੀ ਬੈਂਕ ਦਾ
# ਐਫ਼ਡੀ (ਮਿਆਦੀ ਜਮਾਂ ਖਾਤੇ ਉੱਤੇ)-ਵਿਆਜ ਗਿਣਨ ਦਾ ਤਰੀਕਾ

ਅਸੀਂ ਵਿਆਜ ਦਾ ਹਿਸਾਬ ਇਕ ਸਾਲ ਵਿੱਚ ਦਿਨਾਂ ਦੀ ਵਾਸਤਵਿਕ ਸੰਖਿਆ ਦੇ ਆਧਾਰ 'ਤੇ ਲਗਾਉਂਦੇ ਹਾਂ। ਜੇ ਜਮਾਂ ਰਕਮ ਇਕ ਲੀਪ ਸਾਲ ਅਤੇ ਗੈਰ-ਲੀਪ ਸਾਲ ਦੇ ਵਿੱਚ ਆਉਂਦੀ ਹੈ, ਤਾਂ ਲੀਪ ਸਾਲ ਵਿੱਚ 366 ਦਿਨਾਂ ਲਈ ਅਤੇ ਗੈਰ-ਲੀਪ ਸਾਲ ਲਈ 365 ਦਿਨਾਂ ਲਈ, ਦਿਨਾਂ ਦੀ ਸੰਖਿਆ ਦੇ ਆਧਾਰ 'ਤੇ ਵਿਆਜ ਦਾ ਹਿਸਾਬ ਲਗਾਇਆ ਜਾਂਦਾ ਹੈ।

**ਉਦਾਹਰਨ :**

| | |
|---|---|
| ਸਾਲ ਵਿੱਚ ਦਿਨਾਂ ਦੀ ਸੰਖਿਆ - 365 | ਸਾਲ ਵਿੱਚ ਦਿਨਾਂ ਦੀ ਸੰਖਿਆ - 366 (ਲੀਪ ਸਾਲ) |
| ਐਫ਼ਡੀ ਮੂਲ ਰਕਮ - 100000 | ਐਫ਼ਡੀ ਮੂਲ ਰਕਮ - 100000 |
| ਐਫ਼ਡੀ ਬੁਕਿੰਗ (ਸ਼ੁਰੂਆਤੀ) ਤਾਰੀਖ਼ -01-01-2010 | ਐਫ਼ਡੀ ਬੁਕਿੰਗ (ਸ਼ੁਰੂਆਤੀ) ਤਾਰੀਖ਼ -01-01-2012 |
| ਵਿਆਜ ਦਰ - 8.00% | ਵਿਆਜ ਦਰ - 8.00% |
| ਐਫ਼ਡੀ ਮਿਆਦ - 150 ਦਿਨ | ਐਫ਼ਡੀ ਮਿਆਦ - 150 ਦਿਨ |
| ਐਫ਼ਡੀ ਪਰਪੱਕਤਾ (ਸਮਾਪਤੀ) ਤਾਰੀਖ਼ -31.05.2010 | ਐਫ਼ਡੀ ਪਰਪੱਕਤਾ (ਸਮਾਪਤੀ) ਤਾਰੀਖ਼ -30.05.2012 |
| ਭੁਗਤਾਇਆ ਵਿਆਜ -100000*150*8%/365=3287.67 | ਭੁਗਤਾਇਆ ਵਿਆਜ -100000*150*8%/366=3278.69 |

---

# ਫ਼ਿਕਸਡ ਡਿਪਾਜ਼ਿਟ (ਮਿਆਦੀ ਜਮਾਂ ਖਾਤੇ) ਨੂੰ ਵਕਤ ਤੋਂ ਪਹਿਲਾਂ ਬੰਦ ਕਰਨ ਦਾ ਜੁਰਮਾਨਾ

ਬੈਂਕ ਵਿੱਚ ਫ਼ਿਕਸਡ ਡਿਪਾਜ਼ਿਟ ਆਕਾਊਂਟਾਂ 'ਤੇ ਲਾਗੂ ਨਿਯਮਾਂ ਤੇ ਸ਼ਰਤਾਂ ਅਨੁਸਾਰ, ਫ਼ਿਕਸਡ ਡਿਪਾਜ਼ਿਟ ਨੂੰ ਸਵੀਪ ਇਨ ਅਤੇ ਅੰਸ਼ਕ ਰੂਪ ਸਮੇਤ ਵਕਤ ਤੋਂ ਪਹਿਲਾਂ ਬੰਦ ਕਰਨ ਲਈ, ਬੈਂਕ ਨੇ 1% ਦੀ ਦਰ ਨਾਲ ਜੁਰਮਾਨਾ ਲਗਾਉਣ ਦਾ ਫ਼ੈਸਲਾ ਕੀਤਾ ਹੈ। ਇਹ ਦਰ 24 ਜਨਵਰੀ 2011 ਤੋਂ ਲਾਗੂ ਹੋਵੇਗੀ।

---

# ਬਚਤ ਖਾਤੇ ਦੀ ਵਿਆਜ ਦਰ ਵਿੱਚ ਬਦਲਾਅ

- ਬਚਤ ਬੈਂਕ ਖਾਤੇ 'ਤੇ 4.00% ਸਲਾਨਾ ਵਿਆਜ ਅਦਾ ਕੀਤਾ ਜਾਂਦਾ ਹੈ।
- ਇਹ ਰੋਜ਼ਾਨਾ ਦਿਨ ਦੇ ਅੰਤ ਵਿੱਚ ਖਾਤੇ ਵਿੱਚ ਪਈ ਜਮਾਂ ਰਕਮ ਤੇ ਗਿਣਿਆ ਜਾਂਦਾ ਹੈ।



ਐਚ ਡੀ ਐਫ਼ ਸੀ ਬੈਂਕ
ਅਸੀ ਸਮਝਦੇ ਹਾਂ ਤੁਹਾਡੀ ਦੁਨੀਆਂ